## ਡਾਇਰੈਕਟਰ ਸਿੱਖਿਆ ਵਿਭਾਗ,(ਸੈ.ਸਿ.) ਪੰਜਾਬ
## (ਸਪੈਸ਼ਲ ਸੈਲ)

ਵੱਲ

1) ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ./ਐ.ਸਿ.), ਪੰਜਾਬ।
2) ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ਪੰਜਾਬ ਰਾਜ ਵਿੱਚ।
3) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ ਰਾਜ ਵਿੱਚ।

ਮੀਮੋ ਨੰ: 18/852-2019 ਸ.ਸੈਲ (5) / 2019120376
ਮਿਤੀ: 18/4/19

**ਵਿਸ਼ਾ:-** **ਸਿੱਖਿਆ ਵਿਭਾਗ ਦੇ ਕਰਮਚਾਰੀਆਂ/ਅਧਿਕਾਰੀਆਂ/ਪੈਨਸ਼ਨਰਾਂ ਅਤੇ ਉਹਨਾਂ ਦੇ ਆਸ਼ਰਿਤਾਂ ਨੂੰ ਮੈਡੀਕਲ ਖਰਚੇ ਦੀ ਪ੍ਰਤੀ ਪੂਰਤੀ ਕਰਨ ਸਬੰਧੀ ਪਾਲਿਸੀ ਅਧੀਨ ਵਿੱਤੀ ਅਧਿਕਾਰਾਂ ਦਾ ਵਿਕੇਂਦਰੀਕਰਣ ਕਰਨ ਸਬੰਧੀ।**

1.0 ਮੈਡੀਕਲ ਕਲੇਮਾਂ ਦੇ ਜਲਦੀ ਨਿਪਟਾਰੇ/ਵਿਧੀ ਨੂੰ ਸਰਲ ਕਰਨ ਲਈ ਇਸ ਵਿਭਾਗ ਦੇ ਪੱਤਰ ਨੰ: 11/98/18-5ਸਿ6/1274701/1-3 ਮਿਤੀ: 18.07.2018 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਇਹਨਾਂ ਹਦਾਇਤਾਂ ਦਾ ਲੜੀ ਨੰ: -2 ਹੇਠ ਲਿਖੇ ਅਨੁਸਾਰ ਹੈ:-

**"ਮੁੱਖ ਦਫਤਰ ਦੇ ਪੱਧਰ ਤੇ ਮੰਨਜੂਰ ਹੋਣ ਵਾਲੇ 50,000/- ਰੁਪਏ ਤੋਂ ਵੱਧ ਦੇਸਾਰੇ ਮੈਡੀਕਲ ਕਲੇਮ ਸਕੂਲਾਂ ਵੱਲੋਂ ਸਿੱਧੇ ਮੁੱਖ ਦਫਤਰ ਨੂੰ ਭੇਜੇ ਜਾਣਗੇ।ਮੁੱਖ ਦਫਤਰਦੇ ਪੱਧਰ ਤੇ ਹੀ ਇਨ੍ਹਾਂ ਕਲੇਮਾਂ ਦੀ ਡਾਇਰੈਕਟਰ ਸਿਹਤ ਸੇਵਾਵਾਂ ਤੋਂਵੈਰੀਫਿਕੇਸ਼ਨ/ਕਾਰਜਬਾਦ ਪ੍ਰਵਾਨਗੀ ਕਰਵਾਈ ਜਾਵੇਗੀ।"**

2.0 ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪੱਤਰ ਨੰ: 21/47/2009-5ਸਿ5/1210ਮਿਤੀ: 24.06.2010 ਰਾਹੀ ਜਾਰੀ ਹਦਾਇਤਾਂ ਨੂੰ ਮੁੜ ਘੋਖਣ ਉਪਰੰਤ ਫੈਸਲਾ ਲਿਆ ਹੈ ਕਿ ਹੁਣ ਇਸ ਪੱਤਰ ਦੇ ਲੜੀ ਨੰ:-2ਨੂੰ ਹੇਠ ਲਿਖੇ ਅਨੁਸਾਰ ਪੜ੍ਹਿਆ ਜਾਵੇ:-

**"ਮੁੱਖ ਦਫਤਰ ਦੇ ਪੱਧਰ ਤੇ ਮੰਨਜੂਰ ਹੋਣ ਵਾਲੇ 50,000 ਰੁ: ਤੋਂ ਵੱਧ ਦੇ ਸਾਰੇ ਮੈਡੀਕਲ ਕਲੇਮ ਸਿੱਧੇ ਤੌਰ ਤੇ ਸਬੰਧਤ ਸਕੂਲ ਮੁੱਖੀ ਵੱਲੋਂ ਜਿਲ੍ਹੇ ਦੇ ਸਿਵਲ ਸਰਜਨ ਨੂੰ ਭੇਜਕੇ ਜਿਲ੍ਹਾ ਮੈਡੀਕਲ ਬੋਰਡ/ਡਾਇਰੈਕਟਰ ਸਿਹਤ ਤੇ ਪਰਿਵਾਰਭਲਾਈ ਵਿਭਾਗ ਪਾਸੋਂ ਵੈਰੀਫਿਕੇਸ਼ਨ/ਕਾਰਜਬਾਦ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਸਿੱਧੇ ਮੁੱਖ ਦਫਤਰ ਨੂੰ ਭੇਜੇ ਜਾਣ।"**

3.0 ਕਰਮਚਾਰੀਆਂ/ਰਿਟਾਇਰੀਆਂ ਦੇ ਮੈਡੀਕਲ ਕਲੇਮ ਉਪਰੋਕਤ ਸੋਧ ਅਨੁਸਾਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀ ਪਾਲਿਸੀ ਅਨੁਸਾਰ ਸਿਵਲ ਸਰਜਨ ਰਾਹੀਂ ਪੂਰਤੀਯੋਗ ਰਕਮ ਦੀ ਵੈਰੀਫਿਕੇਸ਼ਨ ਕਰਵਾ ਕੇ ਮੁੱਖ ਦਫਤਰ ਨੂੰ ਵਿੱਤੀ ਪ੍ਰਵਾਨਗੀ ਲਈ ਭੇਜੇ ਜਾਣ।

ਇਹ ਸੋਧ ਪੱਤਰ ਸਕੱਤਰ ਸਕੂਲ ਸਿੱਖਿਆ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.),
ਪੰਜਾਬ

ਪਿ.ਅੰ.ਨੰ: ਉਕਤ/- 2019120377 ਮਿਤੀ: 18/4/19

ਉਪਰੋਕਤ ਦਾ ਉਤਾਰਾ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਭੇਜ ਕਿ ਲਿਖਿਆ ਜਾਂਦਾ ਹੈ ਕਿ ਮਿਤੀ: 30.04.2019 ਤੱਕ ਦੇ ਖੇਤਰੀ ਦਫਤਰਾਂ/ਸਕੂਲਾਂ ਤੋਂ ਮੁੱਖ ਦਫਤਰ ਵਿਖੇ ਪ੍ਰਾਪਤ ਹੋਏ ਮੈਡੀਕਲ ਕਲੇਮ ਪ੍ਰਵਾਨ ਕਰ ਲਏ ਜਾਣ ਤਾਂ ਜੋ ਪ੍ਰਤੀਪੂਰਤੀ ਕਰਨ ਵਿੱਚ ਬੇਲੋੜੀ ਦੇਰੀ ਨਾ ਹੋਵੇ।

ਇਹ ਵੀ ਲਿਖਿਆ ਜਾਂਦਾ ਹੈ ਕਿ ਵਿਧੀ ਨੂੰ ਸਰਲ ਬਣਾਉਣ ਲਈ ਯੋਗ ਹੋਵੇਗਾ ਕਿ ਜਿਹਨ੍ਹਾ ਕਲੇਮਾਂ ਵਿੱਚ ਪੂਰਤੀ ਯੋਗ ਰਕਮ 50,000 ਰੁ: ਤੋਂ ਵੱਧ ਵੈਰੀਫਾਈ ਕੀਤੀ ਜਾਂਦੀ ਹੈ, ਉਹ ਕਲੇਮ ਸਿੱਧੇ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਨੂੰ ਭੇਜੇ ਜਾਣ ਤਾਂ ਜੋ ਕਲੇਮਾਂ ਦੀ ਪ੍ਰਤੀਪੂਰਤੀ ਜਲਦੀ ਕੀਤੀ ਜਾ ਸਕੇ।

ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ),
ਪੰਜਾਬ